## ਪੰਜਾਬ ਸਕੂਲ ਸਿੱਖਿਆ ਬੋਰਡ

### ਪ੍ਰੈਸ ਨੋਟ

ਕਰੋਨਾ ਵਾਇਰਸ ਦੇ ਚਲਦਿਆਂ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਲਾਕਡਾਊਨ/ਕਰਫਿਊ ਲਗਾਉਣ ਕਾਰਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਸਲਾਨਾ ਮਾਰਚ 2020 ਦੀਆਂ ਲਿਖਤੀ ਪ੍ਰੀਖਿਆਵਾਂ ਮੁਲਤਵੀਂ ਕਰ ਦਿੱਤੀਆਂ ਗਈਆਂ ਸਨ। ਦਸਵੀਂ ਸ਼੍ਰੇਣੀ ਦੇ ਓਪਨ ਸਕੂਲ, ਕਾਰਗੁਜਾਰੀ ਸੁਧਾਰ, ਐਡੀਸ਼ਨਲ ਵਿਸ਼ੇ ਦੇ ਜਿੰਨਾਂ ਪ੍ਰੀਖਿਆਰਥੀਆਂ ਦਾ ਮਾਰਚ 2020 ਦੀ ਪ੍ਰੀਖਿਆ ਦਾ ਨਤੀਜਾ ਘੋਸਿਤ ਨਹੀਂ ਹੋਇਆ ਹੁਣ ਉਨਾਂ ਦੀ ਪ੍ਰੀਖਿਆ ਮਿਤੀ 26.10.2020 ਤੋਂ 11.11.2020 ਤੱਕ ਅਤੇ ਬਾਰਵੀਂ ਸ਼੍ਰੇਣੀ ਦੀ ਸਪਲੀਮੈਂਟਰੀ, ਵਾਧੂ ਵਿਸ਼ਾ, ਕਾਰਗੁਜਾਰੀ ਵਧਾਉਣ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਮਿਤੀ 26.10.2020 ਤੋਂ 17.11.2020 ਤੱਕ ਬੋਰਡ ਵੱਲੋਂ ਨਿਰਧਾਰਤ ਪ੍ਰੀਖਿਆ ਕੇਂਦਰਾਂ ਤੇ ਹੋਵੇਗੀ। ਇਨਾਂ ਪ੍ਰੀਖਿਆਰਥੀਆਂ ਦੇ ਨਾਲ ਹੀ ਸਾਲ 2004 ਤੋਂ ਦਸਵੀਂ/ਬਾਰਵੀਂ ਸ਼੍ਰੇਣੀ ਲਈ ਦਿੱਤੇ ਗਏ ਸਪੈਸ਼ਲ ਚਾਂਸ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਵੀ ਕਰਵਾਈ ਜਾ ਰਹੀਂ ਹੈ । ਦੋਵੇਂ ਸ਼੍ਰੇਣੀ ਦੀ ਪ੍ਰੀਖਿਆ ਦਾ ਸਮਾਂ ਸਵੇਰੇ 11.00 ਵਜੇ ਤੋਂ 2.15 ਵਜੇ ਤੱਕ ਹੋਵੇਗਾ। ਡੇਟਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ **www.pseb.ac.in** ਤੇ ਉਪਲਬਧ ਹੈ ।

ਸਕੱਤਰ